30-11-23 ਸਵੇਰੇ ਦੀ ਮੁਰਲੀ ਓਮ ਸ਼ਾਂਤੀ "ਬਾਪਦਾਦਾ" ਮਧੂਬਨ

ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਨੂੰ ਰੂਹਾਨੀ ਪੰਡਾ ਬਣ ਯਾਤਰਾ ਕਰਨੀ ਅਤੇ ਕਰਵਾਉਣੀ ਹੈ, ਯਾਦ ਹੀ ਤੁਹਾਡੀ ਯਾਤਰਾ ਹੈ, ਯਾਦ ਕਰਦੇ ਰਹੋ ਤਾਂ ਖੁਸ਼ੀ ਦਾ ਪਾਰਾ ਚੜ੍ਹੇ"

ਪ੍ਰਸ਼ਨ:- ਨਿਰਾਕਾਰੀ ਦੁਨੀਆ ਵਿਚ ਜਾਂਦੇ ਹੀ ਕਿਹੜੇ ਸੰਸਕਾਰ ਖਤਮ ਹੋ ਜਾਂਦੇ ਅਤੇ ਕਿਹੜੇ ਸੰਸਕਾਰ ਰਹਿ ਜਾਂਦੇ ਹਨ?

ਉੱਤਰ:- ਉੱਥੇ ਨਾਲੇਜ ਦੇ ਸੰਸਕਾਰ ਖਤਮ ਹੋ ਜਾਂਦੇ, ਪ੍ਰਾਲਬਧ ਦੇ ਸੰਸਕਾਰ ਰਹਿ ਜਾਂਦੇ ਹਨ। ਜਿਨ੍ਹਾਂ ਸੰਸਕਾਰਾਂ ਦੇ ਆਧਾਰ ਤੇ ਤੁਸੀਂ ਬੱਚੇ ਸਤਿਯੁਗ ਵਿੱਚ ਪ੍ਰਾਲਬਧ ਭੋਗਦੇ ਹੋ, ਉੱਥੇ ਫਿਰ ਪੜਾਈ ਦਾ ਜਾਂ ਪੁਰਸ਼ਾਰਥ ਦਾ ਸੰਸਕਾਰ ਨਹੀਂ ਰਹਿੰਦਾ ਹੈ। ਪ੍ਰਾਲਬਧ ਮਿਲ ਗਈ ਫਿਰ ਗਿਆਨ ਖਤਮ ਹੋ ਜਾਂਦਾ ਹੈ।

ਗੀਤ:- ਰਾਤ ਕੇ ਰਾਹੀ ਥੱਕ ਮਤ ਜਾਣਾ...

ਓਮ ਸ਼ਾਂਤੀ। ਇੱਥੇ ਸਨਮੁਖ ਸ਼ਿਵ ਭਗਵਾਨੁਵਾਚ ਹੈ ਗੀਤਾ ਵਿੱਚ ਵਿਖਾਉਂਦੇ ਹਨ - ਸ਼੍ਰੀਕ੍ਰਿਸ਼ਨ ਭਗਵਾਨੁ ਵਾਚ ਪ੍ਰੰਤੂ ਸ਼੍ਰੀਕ੍ਰਿਸ਼ਨ ਤਾਂ ਉਸ ਨਾਮ ਰੂਪ ਨਾਲ ਸਨਮੁੱਖ ਹੋ ਨਾ ਸਕੇ। ਇਹ ਤਾਂ ਸਨਮੁੱਖ ਕਹਿੰਦੇ ਹਨ, ਨਿਰਾਕਾਰ ਭਗਵਾਨੁਵਾਚ। ਸ਼੍ਰੀਕ੍ਰਿਸ਼ਨ ਕਹਿਣ ਤਾਂ ਉਹ ਸਾਕਾਰ ਹੋ ਜਾਂਦਾ ਹੈ। ਜੋ ਵੀ ਵੇਦ - ਸਾਸ਼ਤਰ ਆਦਿ ਸੁਣਾਉਂਦੇ ਹਨ, ਉਹ ਇਵੇਂ ਨਹੀਂ ਕਹਿਣਗੇ ਕਿ ਭਗਵਾਨੁਵਾਚ ਕਿਉਂਕਿ ਉਹ ਸਾਧੂ, ਸੰਤ, ਮਹਾਤਮਾ ਆਦਿ ਸਭ ਸਾਕਾਰ ਵਿੱਚ ਬੈਠੇ ਹਨ। ਅਤੇ ਫਿਰ ਬਾਪ ਕਹਿੰਦੇ ਹਨ - ਹੇ ਰੂਹਾਨੀ ਰਾਹੀ। ਰੂਹਾਨੀ ਬਾਪ ਜਰੂਰ ਰੂਹਾਂ ਨੂੰ ਹੀ ਕਹਿਣਗੇ ਕਿ ਬੱਚੇ ਥੱਕ ਮਤ ਜਾਣਾ। ਯਾਤਰਾ ਤੇ ਕਈ ਥੱਕ ਜਾਂਦੇ ਹਨ ਤਾਂ ਫਿਰ ਵਾਪਿਸ ਆ ਜਾਂਦੇ ਹਨ। ਉਹ ਹੈ ਜਿਸਮਾਨੀ ਯਾਤਰਾ। ਵੱਖ - ਵੱਖ ਮੰਦਿਰਾਂ ਵਿਚ ਜਿਸਮਾਨੀ ਤੀਰਥ ਯਾਤਰਾ ਕਰਨ ਜਾਂਦੇ ਹਨ। ਕੋਈ ਸ਼ਿਵ ਦੇ ਮੰਦਿਰ ਵਿਚ ਜਾਂਦੇ ਹਨ, ਉੱਥੇ ਸਭ ਜਿਸਮਾਨੀ ਚਿੱਤਰ ਰੱਖੇ ਹਨ ਭਗਤੀ ਮਾਰਗ ਦੇ। ਇਹ ਤਾਂ ਸੁਪ੍ਰੀਮ ਰੂਹ ਪਰਮਪਿਤਾ ਪਰਮਾਤਮਾ ਆਤਮਾਵਾਂ ਨੂੰ ਕਹਿੰਦੇ ਹਨ ਕਿ ਹੇ ਬੱਚੇ, ਹੁਣ ਮੇਰੇ ਇੱਕ ਦੇ ਨਾਲ ਬੁੱਧੀ ਦਾ ਯੋਗ ਲਗਾਓ ਅਤੇ ਗਿਆਨ ਵੀ ਦਿੰਦੇ ਹਨ। ਤੀਰਥਾਂ ਤੇ ਜਾਂਦੇ ਹਨ ਤੇ ਉੱਥੇ ਵੀ ਬ੍ਰਾਹਮਣ ਲੋਕ ਬੈਠੇ ਹਨ, ਕਥਾ - ਕੀਰਤਨ ਕਰਦੇ ਹਨ। ਤੁਹਾਡੀ ਤੇ ਇੱਕ ਹੀ ਸਤ ਨਾਰਾਇਣ ਦੀ ਕਥਾ ਹੈ, ਨਰ ਤੋਂ ਨਾਰਾਇਣ ਬਣਨ ਦੀ। ਤੁਸੀਂ ਜਾਣਦੇ ਹੋ ਪਹਿਲੇ ਸਵੀਟ ਹੋਮ ਵਿੱਚ ਜਾਵਾਂਗੇ ਫਿਰ ਵਿਸ਼ਨੂੰਪੁਰੀ ਵਿੱਚ ਆਵਾਂਗੇ। ਇਸ ਵੇਲੇ ਤੁਸੀਂ ਹੋ ਬ੍ਰਹਮਪੁਰੀ ਵਿੱਚ, ਇਸਨੂੰ ਪੀਅਰਘਰ ਕਿਹਾ ਜਾਂਦਾ ਹੈ। ਤੁਹਾਨੂੰ ਜੇਵਰ ਆਦਿ ਕੁਝ ਨਹੀਂ ਹੈ ਕਿਉਂਕਿ ਤੁਸੀਂ ਪੀਅਰਘਰ ਵਿੱਚ ਹੋ। ਤੁਸੀਂ ਜਾਣਦੇ ਹੋ ਸਸੁਰਘਰ ਵਿਚ ਤੁਹਾਨੂੰ ਅਪਾਰ ਸੁਖ ਮਿਲਣੇ ਹਨ। ਇੱਥੇ ਕਲਯੁਗੀ ਸਸੁਰ ਘਰ ਵਿਚ ਤਾਂ ਅਪਾਰ ਦੁੱਖ ਹਨ। ਤੁਹਾਨੂੰ ਤੇ ਜਾਣਾ ਹੈ ਉਸ ਪਾਰ ਸੁਖਧਾਮ ਵਿੱਚ। ਇਥੋਂ ਤੋਂ ਟਰਾਂਸਫਰ ਹੋਣਾ ਹੈ। ਬਾਪ ਸਭ ਨੂੰ ਨੈਣਾਂ ਤੇ ਬਿਠਾਕੇ ਲੈ ਜਾਂਦੇ ਹਨ। ਵਿਖਾਉਂਦੇ ਹਨ ਨਾ ਸ਼੍ਰੀਕ੍ਰਿਸ਼ਨ ਦਾ ਬਾਪ ਉਨ੍ਹਾਂ ਨੂੰ ਟੋਕਰੀ ਵਿੱਚ ਬਿਠਾਕੇ ਉਸ ਪਾਰ ਲੈ ਗਿਆ ਤਾਂ ਇਹ ਬੇਹੱਦ ਦਾ ਬਾਪ ਤੁਹਾਨੂੰ ਬੱਚਿਆਂ ਨੂੰ ਉਸ ਪਾਰ ਸਸੁਰਘਰ ਲੈ ਜਾਂਦੇ ਹਨ। ਪਹਿਲੇ ਆਪਣੇ ਨਿਰਾਕਾਰੀ ਘਰ ਵਿਚ ਲੈ ਜਾਣਗੇ ਫਿਰ ਸਸੁਰਘਰ ਭੇਜ ਦੇਣਗੇ। ਤਾਂ ਉਥੇ ਸਭ ਪੀਅਰਘਰ, ਸਸੁਰਘਰ ਦੀਆਂ ਗੱਲਾਂ ਭੁੱਲ ਜਾਣਗੀਆਂ। ਉਹ ਹੈ ਨਿਰਾਕਾਰੀ ਪੀਅਰਘਰ, ਉੱਥੇ ਇਹ ਨਾਲੇਜ ਭੁੱਲ ਜਾਂਦੀ ਹੈ, ਨਾਲੇਜ ਦੇ ਸੰਸਕਾਰ ਨਿਕਲ ਜਾਂਦੇ ਹਨ, ਬਾਕੀ ਪ੍ਰਾਲਬਧ ਦੇ ਸੰਸਕਾਰ ਰਹਿ ਜਾਂਦੇ ਹਨ। ਫਿਰ ਤੁਸੀਂ ਬਚਿਆਂ ਨੂੰ ਪ੍ਰਾਲਬਧ ਹੀ ਧਿਆਨ ਵਿੱਚ ਰਹਿੰਦੀ ਹੈ। ਪ੍ਰਾਲਬਧ ਅਨੁਸਾਰ ਜਾਕੇ ਸੁਖ ਦੇ ਜਨਮ ਲੈਣਗੇ। ਸੁਖਧਾਮ ਜਾਣਾ ਹੈ। ਪ੍ਰਾਲਬਧ ਮਿਲ ਗਈ ਫਿਰ ਗਿਆਨ ਖਤਮ। ਤੁਸੀਂ ਜਾਣਦੇ ਹੋ ਪ੍ਰਾਲਬਧ ਵਿੱਚ ਸਾਡੀ ਫਿਰ ਉਹ ਹੀ ਐਕਟ ਚੱਲੇਗੀ। ਤੁਹਾਡੇ ਸੰਸਕਾਰ ਹੀ ਪ੍ਰਾਲਬਧ ਦੇ ਹੋ ਜਾਣਗੇ। ਹੁਣ ਹਨ ਪੁਰਸ਼ਾਰਥ ਦੇ ਸੰਸਕਾਰ। ਇਵੇਂ ਨਹੀਂ ਕਿ ਪੁਰਸ਼ਾਰਥ ਅਤੇ ਪ੍ਰਲਬਧ ਦੋਵਾਂ ਦੇ ਸੰਸਕਾਰ ਉੱਥੇ ਰਹਿਣਗੇ। ਨਹੀਂ, ਉੱਥੇ ਇਹ ਗਿਆਨ ਨਹੀਂ ਰਹਿੰਦਾ। ਤਾਂ ਇਹ ਤੁਹਾਡੀ ਰੂਹਾਨੀ ਯਾਤਰਾ ਹੈ, ਤੁਹਾਡਾ ਚੀਫ਼ ਪੰਡਾ ਹੈ ਬਾਪ। ਉਵੇਂ ਤਾਂ ਤੁਸੀਂ ਵੀ ਰੂਹਾਨੀ ਪੰਡੇ ਬਣ ਜਾਂਦੇ ਹੋ, ਸਭਨੂੰ ਨਾਲ ਲੈ ਜਾਂਦੇ ਹੋ। ਉਹ ਹੈ ਜਿਸਮਾਨੀ ਪੰਡੇ, ਤੁਸੀਂ ਹੋ ਰੂਹਾਨੀ ਪੰਡੇ। ਉਹ ਲੋਕ ਅਮਰਨਾਥ ਤੇ ਬੜੀ ਧੂਮਧਾਮ ਨਾਲ ਜਾਂਦੇ ਹਨ, ਝੁੰਡ ਦੇ ਝੁੰਡ ਖ਼ਾਸ ਅਮਰਨਾਥ ਤੇ ਬਹੁਤ ਧੂਮਧਾਮ ਨਾਲ ਜਾਂਦੇ ਹਨ। ਬਾਬਾ ਨੇ ਦੇਖਿਆ ਹੈ ਕਿੰਨੇ ਸਾਧੂ - ਸੰਤ ਵਾਜੇ ਗਾਜੇ ਲੈ ਜਾਂਦੇ ਹਨ। ਨਾਲ ਵਿੱਚ ਡਾਕਟਰ ਆਦਿ ਵੀ ਲੈ ਜਾਂਦੇ ਹਨ ਕਿਉਕੀ ਠੰਡੀ ਦਾ ਸਮਾਂ ਹੁੰਦਾ ਹੈ। ਕਈ ਬਿਮਾਰ ਪੈ ਜਾਂਦੇ ਹਨ। ਤੁਹਾਡੀ ਯਾਤਰਾ ਤੇ ਬਹੁਤ ਸਹਿਜ ਹੈ। ਬਾਪ ਕਹਿੰਦੇ ਹਨ ਯਾਦ ਵਿੱਚ ਰਹਿਣਾ ਹੀ ਤੁਹਾਡੀ ਯਾਤਰਾ ਹੈ। ਯਾਦ ਮੁਖ ਹੈ। ਬੱਚੇ ਯਾਦ ਕਰਦੇ ਰਹਿਣ ਤਾਂ ਖੁਸ਼ੀ ਦਾ ਪਾਰਾ ਚੜ੍ਹਿਆ ਰਹੇ। ਨਾਲ ਹੋਰਾਂ ਨੂੰ ਵੀ ਯਾਤਰਾ ਤੇ ਲੈ ਜਾਣਾ ਹੈ। ਇਹ ਯਾਤਰਾ ਇੱਕ ਹੀ ਵਾਰ ਹੁੰਦੀ ਹੈ। ਉਹ ਜਿਸਮਾਨੀ ਯਾਤਰਾਵਾਂ ਤਾਂ ਭਗਤੀ ਮਾਰਗ ਵਿੱਚ ਸ਼ੁਰੂ ਹੁੰਦੀ ਹੈ। ਉਹ ਵੀ ਕੋਈ ਸ਼ੁਰੂਆਤ ਵਿੱਚ ਨਹੀਂ ਹੁੰਦੀ। ਇਵੇਂ ਨਹੀਂ ਕਿ ਫਟ ਤੋਂ ਮੰਦਿਰ, ਚਿੱਤਰ ਆਦਿ ਬਣ ਜਾਂਦੇ ਹਨ। ਉਹ ਤਾਂ ਆਹਿਸਤੇ - ਆਹਿਸਤੇ ਬਾਅਦ ਵਿੱਚ ਬਣਦੇ ਜਾਂਦੇ ਹਨ। ਪਹਿਲੇ - ਪਹਿਲੇ ਸ਼ਿਵ ਦਾ ਮੰਦਿਰ ਬਣੇਗਾ। ਉਹ ਵੀ ਪਹਿਲੇ ਘਰ ਵਿੱਚ ਸੋਮਨਾਥ ਦਾ ਮੰਦਿਰ ਬਣਾਉਂਦੇ ਹਨ ਫਿਰ ਕਿਤੇ ਜਾਣ ਦੀ ਲੋੜ ਨਹੀਂ ਰਹਿੰਦੀ। ਇਹ ਮੰਦਿਰ ਆਦਿ ਬਾਅਦ ਵਿੱਚ ਬਣਦੇ ਹਨ, ਸਮਾਂ ਲੱਗਦਾ ਹੈ। ਆਹਿਸਤੇ - ਆਹਿਸਤੇ ਨਵੇਂ ਸ਼ਾਸਤਰ ਨਵੇਂ ਚਿੱਤਰ ਨਵੇਂ ਮੰਦਿਰ ਆਦਿ ਬਣਦੇ ਰਹਿੰਦੇ। ਟਾਇਮ ਲੱਗਦਾ ਹੈ ਕਿਉਂਕਿ ਪੜ੍ਹਾਉਣ ਵਾਲਾ ਵੀ ਚਾਹੀਦਾ ਹੈ ਨਾ। ਮੱਠ ਆਦਿ ਜਦੋਂ ਵ੍ਰਿਧੀ ਨੂੰ ਪਾਉਣਗੇ, ਫਿਰ ਵਿੱਚਾਰ ਹੋਵੇਗਾ ਸ਼ਾਸਤਰ ਬਣਾਏ। ਤਾਂ ਇੰਨੇ ਤੀਰਥਸਥਾਨ ਬਣੇ, ਮੰਦਿਰ ਬਣੇ, ਚਿੱਤਰ ਬਣੇ, ਟਾਇਮ ਲੱਗਦਾ ਹੈ ਨਾ। ਭਾਵੇਂ ਕਿਹਾ ਜਾਂਦਾ ਹੈ ਕਿ ਭਗਤੀ ਮਾਰਗ ਦਵਾਪਰ ਤੋਂ ਸ਼ੁਰੂ ਹੁੰਦਾ ਹੈ ਪਰ ਟਾਇਮ ਤਾਂ ਲੱਗਦਾ ਹੈ ਨਾ। ਫਿਰ ਕਲਾਵਾਂ ਘੱਟ ਹੁੰਦੀਆਂ ਜਾਣਗੀਆਂ। ਪਹਿਲੇ ਅਵਿੱਭਚਾਰੀ ਭਗਤੀ, ਫਿਰ ਵਿਭਚਾਰੀ

ਭਗਤੀ ਹੋ ਜਾਂਦੀ ਹੈ। ਇਹ ਸਭ ਗੱਲਾਂ ਚੰਗੀ ਤਰ੍ਹਾਂ ਚਿਤਰਾ ਤੇ ਸਿੱਧ ਕਰ ਦੱਸੀਆਂ ਜਾਂਦੀਆਂ ਹਨ। ਸਮੁਝਾਉ ਵਾਲਿਆਂ ਦੀ ਬੁੱਧੀ ਵਿੱਚ ਇਹ ਹੀ ਚੱਲਦਾ ਹੈ ਰਹੇਗਾ ਕਿ ਇਵੇਂ - ਇਵੇਂ ਦੇ ਚਿੱਤਰ ਬਣਾਈਏ, ਸਭਦੀ ਬੁੱਧੀ ਵਿੱਚ ਨਹੀਂ ਚੱਲੇਗਾ। ਨੰਬਰਵਾਰ ਹਨ ਨਾ। ਕਿਸੇ ਦੀ ਬੁੱਧੀ ਬਿਲਕੁਲ ਚੱਲਦੀ ਨਹੀਂ, ਉਹ ਫਿਰ ਪਦਵੀ ਵੀ ਅਜਿਹਾ ਪਾਉਣਗੇ। ਪਤਾ ਲਗ ਜਾਂਦਾ ਹੈ -ਇਹ ਕੀ ਬਣਨਗੇ? ਜਿਨਾਂ ਅੱਗੇ ਚੱਲੋਂਗੇ- ਤੁਸੀਂ ਸਮਝਦੇ ਜਾਵੋਗੇ। ਜਦੋਂ ਲੜਾਈ ਆਦਿ ਲੱਗੇਗੀ ਫਿਰ ਪ੍ਰੈਕਟੀਕਲ ਦੇਖ ਲੈਣਗੇ। ਫਿਰ ਬਹੁਤ ਪਛਤਾਉਣਗੇ। ਉਸ ਸਮੇਂ ਪੜ੍ਹਾਈ ਤੇ ਹੋ ਨਾ ਸਕੇ। ਲੜਾਈ ਦੇ ਸਮੇਂ ਤ੍ਰਾਹਿ - ਤ੍ਰਾਹਿ ਹੁੰਦੀ ਰਹੇਗੀ, ਸੁਣ ਨਹੀਂ ਸਕਣਗੇ। ਪਤਾ ਨਹੀਂ ਕੀ ਹੋ ਜਾਏਗਾ। ਪਾਰਟੀਸ਼ਨ ਹੋਇਆ ਤਾਂ ਕੀ ਹੋ ਗਿਆ, ਦੇਖਿਆ ਨਾ। ਇਹ ਵਿਨਾਸ਼ ਦਾ ਸਮਾਂ ਬਹੁਤ ਕੜਾ ਹੈ। ਹਾਂ, ਬਾਕੀ ਸਾਕਸ਼ਾਤਕਾਰ ਆਦਿ ਬਹੁਤ ਹੋਣਗੇ, ਜਿਸਨਾਲ ਜਾਨ ਜਾਣਗੇ ਕਿ ਇਹ ਕਿੰਨਾ ਪੜ੍ਹਿਆ ਹੈ। ਬਹੁਤ ਪਛਤਾਉਣਗੇ ਵੀ ਅਤੇ ਸਾਕਸ਼ਾਤਕਾਰ ਹੋਣਗੇ - ਦੇਖੋ ਤੁਸੀਂ ਪੜ੍ਹਾਈ ਛੱਡ ਦਿੱਤੀ ਤਾਂ ਇਹ ਹਾਲ ਹੋਇਆ ਹੈ। ਧਰਮਰਾਜ ਸਾਕਸ਼ਾਤਕਾਰ ਕਰਾਵਾਏ ਬਿਨ ਸਜ਼ਾ ਕਿਵੇਂ ਦੇਣਗੇ? ਸਭ ਸਾਕਸ਼ਾਤਕਾਰ ਕਰਾਉਣਗੇ। ਫਿਰ ਉਸ ਸਮੇਂ ਕਰ ਕੁਝ ਨਹੀਂ ਸਕਣਗੇ। ਕਹਿਣਗੇ ਹਾਯ ਤਕਦੀਰ। ਤਦਬੀਰ ਦਾ ਸਮੇਂ ਤਾਂ ਗਿਆ। ਤਾਂ ਬਾਪ ਕਹਿੰਦੇ ਹਨ ਕਿਉਂ ਨਹੀਂ ਹੁਣ ਪੁਰਸ਼ਾਰਥ ਕਰਦੇ ਹੋ। ਸਰਵਿਸ ਨਾਲ ਤੇ ਦਿਲ ਤੇ ਚੜਣਗੇ। ਬਾਪ ਕਹਿਣਗੇ ਇਹ ਬੱਚੇ ਚੰਗੀ ਸਰਵਿਸ ਕਰਦੇ ਹਨ। ਮਿਲਟਰੀ ਦਾ ਕੋਈ ਮਰਦਾ ਹੈ ਤਾਂ ਉਹਨਾਂ ਦੇ ਮਿੱਤਰ -ਸੰਬੰਧੀਆਂ ਆਦਿ ਨੂੰ ਵੀ ਇਨਾਮ ਦਿੰਦੇ ਹਨ। ਇੱਥੇ ਤੁਹਾਨੂੰ ਇਨਾਮ ਦੇਣ ਵਾਲਾ ਹੈ ਬੇਹੱਦ ਦਾ ਬਾਪ। ਬਾਪ ਕੋਲੋਂ ਭਵਿੱਖ 21 ਜਨਮਾਂ ਦੇ ਲਈ ਇਨਾਮ ਮਿਲਦਾ ਹੈ। ਇਹ ਤਾਂ ਹਰੇਕ ਨੂੰ ਆਪਣੇ ਦਿਲ ਤੇ ਹੱਥ ਰੱਖ ਦੇ ਪੁੱਛਣਾ ਹੈ ਕਿ ਮੈਂ ਕਿੰਨਾ ਪੜ੍ਹਦਾ ਹਾਂ। ਧਾਰਨਾ ਨਹੀਂ ਹੁੰਦੀ ਤਾਂ ਮਤਲਬ ਤਕਦੀਰ ਵਿੱਚ ਨਹੀਂ ਹੈ। ਕਹਿਣਗੇ ਕਰਮ ਹੀ ਅਜਿਹੇ ਫੁੱਟੇ ਹੋਏ ਹਨ। ਬਹੁਤ ਖ਼ਰਾਬ ਕਰਮ ਕਰਨ ਵਾਲੇ ਕੁਝ ਉਠਾ ਨਹੀਂ ਸਕਦੇ ਹਨ।

ਬਾਪ ਸਮਝਾਉਂਦੇ ਹਨ - ਮਿੱਠੇ ਬੱਚੇ, ਤੁਹਾਨੂੰ ਇਸ ਰੂਹਾਨੀ ਯਾਤਰਾ ਤੇ ਆਪਣੇ ਸਾਥੀਆਂ ਨੂੰ ਵੀ ਲੈ ਜਾਣਾ ਹੈ। ਫਰਜ਼ ਹੈ ਹਰੇਕ ਨੂੰ ਇਸ ਯਾਤਰਾ ਦੀ ਗੱਲ ਦੱਸਣਾ। ਬੋਲੋ, ਸਾਡੀ ਇਹ ਰੂਹਾਨੀ ਯਾਤਰਾ ਹੈ। ਉਹ ਹੈ ਜਿਸਮਾਨੀ। ਦਿਖਾਉਂਦੇ ਹਨ ਰੰਗੂਨ ਦੇ ਵੱਲ ਇੱਕ ਛਮ -ਛਮ ਤਲਾਬ ਹੈ, ਜਿੱਥੇ ਸਨਾਨ ਕਰਨ ਨਾਲ ਪਰੀ ਬਣ ਜਾਂਦੇ ਹਨ। ਪਰ ਉਹ ਪਰੀ ਆਦਿ ਤਾਂ ਬਣਦੇ ਨਹੀਂ। ਇਹ ਹੈ ਗਿਆਨ ਸ਼ਨਾਨ ਕਰਨ ਦੀ ਗੱਲ, ਜਿਸ ਤੋਂ ਫਿਰ ਤੁਸੀਂ ਬਹਿਸਤ ਦੀ ਬੀਵੀ ਬਣ ਜਾਂਦੇ ਹੋ ਅਤੇ ਗਿਆਨ ਯੋਗਬਲ ਨਾਲ ਬੈਕੁੰਠ ਵਿੱਚ ਆਉਣਾ - ਜਾਣਾ ਤੇ ਤੁਹਾਡੇ ਲਈ ਕਾਮਨ ਗੱਲ ਹੈ। ਹੋਰ ਹੀ ਤੁਹਾਨੂੰ ਰੋਕਿਆ ਜਾਂਦਾ ਹੈ, ਘੜੀ - ਘੜੀ ਧਿਆਨ ਵਿੱਚ ਨਹੀਂ ਜਾਓ ਆਦਤ ਪੈ ਜਾਏਗੀ। ਤਾਂ ਇਹ ਗਿਆਨ ਮਾਨ - ਸਰੋਵਰ ਹੈ, ਪਰਮਪਿਤਾ ਪਰਮਾਤਮਾ ਆਕੇ ਇਸ ਮਨੁੱਖ ਤਨ ਦਵਾਰਾ ਗਿਆਨ ਸੁਣਾਉਂਦੇ ਹਨ , ਇਸਲਈ ਇਸਨੂੰ ਮਾਨ - ਸਰੋਵਰ ਕਿਹਾ ਜਾਂਦਾ ਹੈ। ਮਾਨ - ਸਰੋਵਰ ਅੱਖਰ ਸਾਗਰ ਤੋਂ ਨਿਕਲਿਆ ਹੈ। ਗਿਆਨ - ਸਾਗਰ ਨੇ ਗਿਆਨ ਸ਼ਨਾਨ ਕਰਨਾ ਤਾਂ ਬਹੁਤ ਵਧੀਆ ਹੈ। ਬਹਿਸ਼ਤ ਦੀ ਬੀਵੀ ਨੂੰ ਮਹਾਰਾਣੀ ਕਿਹਾ ਜਾਂਦਾ ਹੈ। ਬਾਪ ਕਹਿਣਗੇ ਤੁਸੀਂ ਵੀ ਬਹਿਸ਼ਤ ਦੇ ਮਾਲਿਕ ਬਣੋ। ਬੱਚਿਆਂ ਤੇ ਲਵ ਰਹਿੰਦਾ ਹੈ। ਹਰੇਕ ਤੇ ਰਹਿਮ ਪੈਂਦਾ ਹੈ, ਸਾਧੂਆਂ ਤੇ ਵੀ ਰਹਿਮ ਆਉਂਦਾ ਹੈ। ਇਹ ਤਾਂ ਗੀਤਾ ਵਿੱਚ ਲਿਖਿਆ ਹੋਏ ਹੈ ਕਿ ਸਾਧੂਆਂ ਦਾ ਵੀ ਉਦਾਰ ਕਰਦੇ ਹਨ। ਉਦਾਰ ਹੁੰਦਾ ਹੈ - ਗਿਆਨ ਯੋਗ ਨਾਲ। ਤੁਸੀਂ ਬੱਚਿਆਂ ਵਿੱਚ ਸਮਝਾਉਣ ਦੀ ਬੜੀ ਫੁਰਤੀ ਚਾਹੀਦੀ ਹੈ। ਬੋਲੋ, ਤੁਸੀਂ ਹੋਰ ਤਾਂ ਸਭ ਜਾਣਦੇ ਹੋ ਪਰ ਛਾਛ ਜਾਣਦੇ ਹੋ, ਬਾਕੀ ਮੱਖਣ ਖਵਾਉਣ ਵਾਲੇ ਨੂੰ ਤੁਸੀਂ ਜਾਣਦੇ ਹੀ ਨਹੀਂ ਹੋ। ਬਾਪ ਕਿੰਨਾ ਵਧੀਆ ਤਰ੍ਹਾਂ ਸਮਝਾਉਂਦੇ ਹਨ। ਪਰ ਕਿਸੇਦੀ ਬੁੱਧੀ ਵਿੱਚ ਵੀ ਬੈਠੇ ਨਾ। ਬਾਪ ਨੂੰ ਜਾਨਣ ਨਾਲ ਮਨੁੱਖ ਹੀਰੇ ਵਰਗਾ ਬਣਦੇ ਹਨ, ਨਾ ਜਾਨਣ ਨਾਲ ਮਨੁੱਖ ਕੋਡੀ ਮਿਸਲ, ਬਿਲਕੁਲ ਪਤਿਤ ਹਨ। ਬਾਪ ਨੂੰ ਜਾਨਣ ਨਾਲ ਹੀ ਪਾਵਨ ਬਣਦੇ ਹਨ। ਪਤਿਤ ਦੁਨੀਆਂ ਵਿੱਚ ਕੋਈ ਪਾਵਨ ਹੋ ਨਾ ਸਕੇ। ਤਾਂ ਜੋ ਮਹਾਰਥੀ ਬੱਚੇ ਹਨ, ਉਹ ਚੰਗੀ ਤਰ੍ਹਾਂ ਸਮਝ ਸਕਣਗੇ। ਕਿੰਨੇ ਢੇਰ ਬ੍ਰਹਮਾਕੁਮਾਰ -ਕੁਮਾਰੀਆ ਹਨ। ਪ੍ਰਜਾਪਿਤਾ ਬ੍ਰਹਮਾ ਨਾਮ ਵੀ ਮਸ਼ਹੂਰ ਹੈ। ਪ੍ਰਜਾਪਿਤਾ ਬ੍ਰਹਮਾ ਦੇ ਇਹ ਹੈ ਮੁਖ ਵੰਸ਼ਾਵਲੀ। ਬ੍ਰਹਮਾ ਨੂੰ ਹੀ 100 ਬਾਹਵਾਂ 1000 ਬਾਹਵਾਂ ਦਿਖਾਉਂਦੇ ਹਨ। ਇਹ ਵੀ ਸਮਝਾਇਆ ਜਾਂਦਾ ਹੈ ਇੰਨੀਆਂ ਬਾਹਵਾਂ ਤਾਂ ਹੋ ਨਹੀਂ ਸਕਦੀਆਂ। ਬਾਕੀ ਬ੍ਰਹਮਾ ਤੇ ਬਹੁਤ ਬਚੜੇ ਵਾਲਾ ਹੈ। ਬ੍ਰਹਮਾ ਫਿਰ ਕਿਸਦਾ ਬੱਚਾ? ਇਹਨਾਂ ਦਾ ਤਾਂ ਬਾਪ ਹੈ ਨਾ। ਬ੍ਰਹਮਾ ਹੈ ਸ਼ਿਵਬਾਬਾ ਦਾ ਬੱਚਾ। ਇਹਨਾਂ ਦਾ ਹੋਰ ਕੌਣ ਬਾਪ ਹੋ ਸਕਦਾ? ਮਨੁੱਖ ਤਾਂ ਕੋਈ ਹੋ ਨਹੀਂ ਸਕਦਾ। ਬ੍ਰਹਮਾ, ਵਿਸ਼ਨੂੰ, ਸ਼ੰਕਰ ਗਾਏ ਜਾਂਦਾ ਹਨ ਸੂਕ੍ਸ਼੍ਮਵਤਨ ਦੇ। ਉਹ ਤੇ ਇੱਥੇ ਆ ਨਹੀਂ ਸਕਦੇ। ਪ੍ਰਜਾਪਿਤਾ ਬ੍ਰਹਮਾ ਤਾਂ ਜਰੂਰ ਇੱਥੇ ਹੋਵੇਗਾ ਨਾ। ਸੂਖਸ਼ਮਵਤਨਵਿੱਚ ਤਾਂ ਪ੍ਰਜਾ ਨਹੀਂ ਰਚਣਗੇ। ਤਾਂ ਪਰਮਪਿਤਾ ਪਰਮਾਤਮਾ ਆਕੇ ਇਸ ਬ੍ਰਹਮਾ ਮੁਖ ਦਵਾਰਾ ਸ਼ਕਤੀ ਸੈਨਾ ਰਚਦੇ ਹਨ। ਪਹਿਲੇ - ਪਹਿਲੇ ਪਰਿਚੇ ਦੇਣਾ ਹੈ ਅਸੀਂ ਬ੍ਰਹਮਾ ਮੁਖ ਵੰਸ਼ਾਵਲੀ ਹਾਂ। ਤੁਸੀਂ ਵੀ ਬ੍ਰਹਮਾ ਦੇ ਬੱਚੇ ਹੋ ਨਾ। ਪ੍ਰਜਾਪਿਤਾ ਬ੍ਰਹਮਾ ਹੈ ਸਭਦਾ ਬਾਪ। ਫਿਰ ਉਹਨਾਂ ਕੋਲੋਂ ਹੋਰ ਬਿਰਾਦਰੀਆਂ ਨਿਕਲਦੀ ਹਨ, ਨਾਮ ਬਦਲਦੇ ਜਾਂਦੇ ਹਨ। ਹੁਣ ਤੁਸੀਂ ਬ੍ਰਾਹਮਣ ਹੋ। ਪ੍ਰੈਕਟਿਕਲ ਵਿੱਚ ਦੇਖੋ ਪ੍ਰਜਾਪਿਤਾ ਬ੍ਰਹਮਾ ਦੀ ਕਿੰਨੀ ਔਲਾਦ ਹੈ। ਜਰੂਰ ਔਲਾਦ ਨੂੰ ਵਰਸਾ ਮਿਲਦਾ ਹੋਵੇਗਾ। ਬ੍ਰਹਮਾ ਦੇ ਕੋਲ ਤਾਂ ਕੋਈ ਪ੍ਰਾਪਰਟੀ ਹੈ ਨਹੀ, ਪ੍ਰਾਪਰਟੀ ਹੈ ਸ਼ਿਵ ਬਾਬਾ ਦੇ ਕੋਲ। ਬ੍ਰਹਮਾ ਵਲਦ ਸ਼ਿਵ। ਬੇਹੱਦ ਦੇ ਬਾਪ ਕੋਲੋਂ ਹੀ ਵਰਸਾ ਮਿਲਦਾ ਹੈ। ਬ੍ਰਹਮਾ ਦਵਾਰਾ ਸ਼ਿਵਬਾਬਾ ਬੈਠ ਪੜ੍ਹਾਉਂਦੇ ਹਨ। ਸਾਨੂੰ ਦਾਦੇ ਦਾ ਵਰਸਾ ਮਿਲਦਾ ਹੈ। ਬਾਬਾ ਸਮਝਾਉਂਦੇ ਤਾਂ ਬਹੁਤ ਹਨ, ਪਰ ਯੋਗ ਨਹੀਂ। ਕਾਇਦੇ ਤੇ ਨਹੀਂ ਚੱਲਦੇ ਤਾਂ ਬਾਪ ਵੀ ਕੀ ਕਰੇ। ਬਾਪ ਕਹਿੰਦੇ ਹਨ ਇਹਨਾਂ ਦੀ ਤਕਦੀਰ। ਜੇਕਰ ਬਾਬਾ ਕੋਲੋਂ ਪੁੱਛੋ ਤਾਂ ਬਾਬਾ ਦੱਸ ਸਕਦੇ ਹਨ - ਇਸ ਹਾਲਾਤ ਵਿੱਚ ਤੁਹਾਡੀ ਕੀ ਪਦਵੀ ਹੋਵੇਗੀ? ਦਿਲ ਵੀ ਗਵਾਹੀ ਦਿੰਦਾ ਹੈ, ਮੈਂ ਕਿੰਨੀ ਸਰਵਿਸ ਕਰਦਾ ਹਾਂ? ਸ਼੍ਰੀਮਤ ਤੇ ਕਿੱਥੇ ਤੱਕ ਚੱਲਦਾ ਹਾਂ? ਸ਼੍ਰੀਮਤ ਕਹਿੰਦੀ ਹੈ ਮਨਮਨਾਭਵ। ਸਭਨੂੰ ਬਾਪ ਅਤੇ ਵਰਸੇ ਦਾ ਪਰਿਚੇ ਦਿੰਦੇ ਰਹਿੰਦੇ ਹਨ, ਢਿੰਡੋਰਾ ਵੀ ਪਿੱਟਦੇ ਰਹਿੰਦੇ ਹਨ। ਬਾਬਾ ਇਸ਼ਾਰਾ ਦਿੰਦੇ ਰਹਿੰਦੇ ਹਨ, ਤੁਹਾਨੂੰ ਗੌਰਮਿੰਟ ਨੂੰ ਸਮਝਾਉਣਾ ਹੈ। ਜੋ ਉਹ ਵੀ ਸਮਝਣ ਬਰੋਬਰ ਭਾਰਤ ਦੀ ਤਾਕਤ ਹੀ ਚਲੀ ਗਈ ਹੈ। ਪਰਮਪਿਤਾ ਪਰਮਾਤਮਾ ਸਰਵਸ਼ਕਤੀਮਾਨ ਨਾਲ ਯੋਗ ਹੀ ਨਹੀਂ ਹੈ। ਇਹਨਾਂ ਨਾਲ ਤੁਸੀਂ ਯੋਗ ਲਗਾਉਂਦੇ ਹੋ ਤਾਂ ਇਕਦਮ ਵਿਸ਼ਵ ਦੇ ਮਾਲਿਕ ਬਣਦੇ ਹੋ,

ਮਾਇਆ ਤੇ ਵੀ ਤੁਸੀਂ ਜਿੱਤ ਪਹਿਨਦੇ ਹੋ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਮਾਇਆ ਤੇ ਜਿੱਤ ਪਾਉਣੀ ਹੈ। ਸਾਡਾ ਮਦਦਗਾਰ ਬਾਪ ਹੈ। ਕਿੰਨਾ ਸਮਝਾਇਆ ਜਾਂਦਾ ਹੈ, ਧਾਰਨਾ ਕਰਨੀ ਚਾਹੀਦੀ ਹੈ। ਬਾਬਾ ਨੇ ਸਮਝਾਇਆ ਹੈ ਧਨ ਦਿੱਤੇ ਧਨ ਨਾ ਖੁਟੇ। ਸਰਵਿਸ ਕਰਨਗੇ ਤਾਂ ਬਾਬਾ ਦੀ ਦਿਲ ਤੇ ਚੜ੍ਹ ਸਕਣਗੇ। ਨਹੀਂ ਤਾਂ ਇੰਪਾਸਿਬਲ ਹੈ। ਇਸਦਾ ਮਤਲਬ ਇਹ ਨਹੀਂ ਕਿ ਬਾਬਾ ਪਿਆਰ ਨਹੀਂ ਕਰਦੇ। ਬਾਬਾ ਪਿਆਰ ਸਰਵਿਸਬੁਲ ਨੂੰ ਕਰਨਗੇ। ਮਿਹਨਤ ਕਰਨੀ ਚਾਹੀਦੀ ਹੈ। ਸਭਨੂੰ ਯਾਤਰਾ ਲਾਇਕ ਬਣਾਉਂਦੇ ਹਨ। ਮਨਮਨਾਭਵ। ਇਹ ਹੈ ਰੂਹਾਨੀ ਯਾਤਰਾ, ਮੈਨੂੰ ਯਾਦ ਕਰੋ ਤਾਂ ਮੇਰੇ ਕੋਲ ਪਹੁੰਚ ਜਾਵੋਗੇ। ਸ਼ਿਵਪੁਰੀ ਵਿੱਚ ਆਕੇ ਫਿਰ ਵਿਸ਼ਨੂੰਪੁਰੀ ਵਿੱਚ ਚਲੇ ਜਾਣਗੇ। ਇਹ ਗੱਲਾਂ ਸਿਰਫ਼ ਤੁਸੀਂ ਬੱਚੇ ਜਾਣਦੇ ਹੋ। ਕੋਈ ਹੋਰ ਮਨਮਨਾਭਵ ਦਾ ਅਰਥ ਸਮਝਦੇ ਨਹੀਂ, ਪੜ੍ਹਦੇ ਤਾਂ ਬਹੁਤ ਹਨ। ਬਾਪ ਮਹਾਮੰਤਰ ਦਿੰਦੇ ਹਨ, ਮੈਨੂੰ ਯਾਦ ਕਰੋ ਤਾਂ ਤੁਸੀਂ ਵਿਕਾਰਮਾਜਿੱਤ ਬਣ ਜਾਓਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਗਿਆਨ ਸਨਾਨ ਕਰਨਾ ਹੈ। ਪਿਆਰ ਨਾਲ ਸਰਵਿਸ ਕਰ ਬਾਪ ਦੇ ਦਿਲਤਖ਼ਤ ਤੇ ਬੈਠਣਾ ਹੈ। ਪੁਰਸ਼ਾਰਥ ਦੇ ਸਮੇਂ ਵਿੱਚ ਅਲਬੇਲਾ ਨਹੀਂ ਬਣਨਾ ਹੈ।

2. ਬਾਪ ਦੀਆਂ ਪਲਕਾਂ ਤੇ ਬੈਠ ਕਲਿਯੁਗੀ ਦੁੱਖਧਾਮ ਤੋਂ ਸੁਖਧਾਮ ਚਲਣਾ ਹੈ ਇਸਲਈ ਆਪਣਾ ਸਭ ਕੁਝ ਟ੍ਰਾਂਸਫਰ ਕਰ ਦੇਣਾ ਹੈ।

ਵਰਦਾਨ:- ਜੀਵਨ ਵਿੱਚ ਦਿਵਯਗੁਣਾਂ ਦੇ ਫ਼ੁੱਲਾਂ ਦੀ ਫੁਲਫ਼ਾੜੀ ਦਵਾਰਾ ਖੁਸ਼ਹਾਲੀ ਦਾ ਅਨੁਭਵ ਕਰਨ ਵਾਲੇ ਏਵਰਹੈਪੀ ਭਵ

ਸਦਾ ਖੁਸ਼ਹਾਲ ਮਤਲਬ ਭਰਪੂਰ, ਸੰਪੰਨ ਪਹਿਲੇ ਕੰਡਿਆਂ ਦੇ ਜੰਗਲ ਵਿੱਚ ਜੀਵਨ ਸੀ ਹੁਣ ਫੁੱਲਾਂ ਦੀ ਖੁਸ਼ਹਾਲੀ ਵਿੱਚ ਆ ਗਏ। ਸਦਾ ਜੀਵਨ ਵਿੱਚ ਦਿਵਯਗੁਣਾਂ ਦੇ ਫ਼ੁੱਲਾਂ ਦੀ ਫੁਲਵਾੜੀ ਲੱਗੀ ਹੋਈ ਹੈ, ਇਸਲਈ ਜੋ ਵੀ ਤੁਹਾਡੇ ਸੰਪਰਕ ਵਿੱਚ ਆਏਗਾ ਉਸ ਨੂੰ ਦਿਵਯਗੁਣਾਂ ਦੇ ਫ਼ੁੱਲਾਂ ਦੀ ਖੁਸ਼ਬੂ ਆਉਂਦੀ ਰਹੇਗੀ ਅਤੇ ਖੁਸ਼ਹਾਲੀ ਦੇਖ ਕਰਕੇ ਖੁਸ਼ ਹੋਣਗੇ, ਸ਼ਕਤੀ ਦਾ ਅਨੁਭਵ ਕਰਨਗੇ। ਖੁਸ਼ਹਾਲੀ ਹੋਰਾਂ ਨੂੰ ਵੀ ਸ਼ਕਤੀਸ਼ਾਲੀ ਬਣਾਉਂਦੀ ਅਤੇ ਖੁਸ਼ੀ ਵਿੱਚ ਲਿਆਉਂਦੀ ਹੈ ਇਸਲਈ ਤੁਸੀਂ ਕਹਿੰਦੇ ਹੋ ਕਿ ਅਸੀਂ ਏਵਰਹੈਪੀ ਹਾਂ।

ਸਲੋਗਨ:- ਮਾਸਟਰ ਸ੍ਰਵਸ਼ਕਤੀਮਾਨ ਉਹ ਹੈ ਜੋ ਮਾਇਆ ਦੇ ਬੁਦਬੁਦਿਆਂ ਤੋਂ ਡਰਨ ਦੇ ਭਜਾਏ ਉਹਨਾਂ ਨਾਲ ਖੇਲ੍ਹਣ ਵਾਲੇ ਹਨ।

******